# ਪੰਜਾਬ ਵਿਧਾਨ ਸਭਾ

ਛੇਵਾਂ (ਬਜਟ) ਸਮਾਗਮ

ਨਿਸ਼ਾਨ ਵਾਲੇ ਪ੍ਰਸ਼ਨ

## 11 ਮਾਰਚ 2024

----

ਕੁੱਲ ਪ੍ਰਸ਼ਨ 20

----

**ਪਟਿਆਲਾ ਸ਼ਹਿਰ ਵਿੱਚ ਧਰਮ ਅਰਥ ਬੋਰਡ ਦੀਆਂ ਪ੍ਰਾਪਰਟੀਜ਼ ਦੇ ਵੇਰਵੇ**

***1071 ਸ. ਅਜੀਤਪਾਲ ਸਿੰਘ ਕੋਹਲੀ (ਪਟਿਆਲਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :-**

ਕੀ ਮਾਲ ਤੇ ਮੁੜ ਵਸੇਬਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਟਿਆਲਾ ਸ਼ਹਿਰ ਵਿੱਚ ਧਰਮ ਅਰਥ ਬੋਰਡ ਦੀਆਂ ਕਿੰਨੀਆਂ ਪ੍ਰਾਪਰਟੀਜ਼ ਕਿੱਥੇ-ਕਿੱਥੇ ਹਨ ਅਤੇ ਇਨ੍ਹਾਂ ਦਾ ਫਿਜ਼ੀਕਲ ਸਟੇਟਸ ਕੀ ਹੈ;

ਅ) ਇਨ੍ਹਾਂ ਵਿੱਚੋਂ ਕਿੰਨੀਆਂ ਪ੍ਰਾਪਰਟੀਜ਼ ਤੇ ਐਨਕਰੋਚਮੈਂਟ ਹੋਈ ਪਈ ਹੈ ;

ੲ) ਇਨ੍ਹਾਂ ਐਨਕਰੋਚਮੈਂਟ ਪ੍ਰਾਪਰਟੀਜ਼ ਨੂੰ ਛੁਡਵਾਉਣ ਲਈ ਕੀ-ਕੀ ਉਪਰਾਲੇ ਕੀਤੇ ਗਏ ਹਨ ਅਤੇ ਕਦੋਂ ਤੱਕ ਸਾਰੀਆਂ ਪ੍ਰਾਪਰਟੀਜ਼ ਛੁਡਵਾ ਲਈਆਂ ਜਾਣਗੀਆਂ?

----

**ਮੋਗਾ ਵਿਖੇ ਈ.ਟੀ.ਟੀ. ਅਧਿਆਪਕਾਂ ਦੀਆਂ ਕੋਚਿੰਗ ਕਲਾਸਾਂ ਦੁਬਾਰਾ ਸ਼ੁਰੂ ਕਰਨਾ**

***1052 ਡਾ. ਅਮਨਦੀਪ ਕੌਰ ਅਰੋੜਾ (ਮੋਗਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ) ਕੀ** ਡਾਈਟ ਮੋਗਾ ਵਿਖੇ ਈ.ਟੀ.ਟੀ. ਅਧਿਆਪਕਾਂ ਦੀਆਂ ਕੋਚਿੰਗ ਕਲਾਸਾਂ ਸਾਲ 2014 ਵਿੱਚ ਬੰਦ ਕਰ ਦਿੱਤੀਆਂ ਗਈਆਂ ਸਨ;

**ਅ)** ਕੀ ਇਹ ਵੀ ਠੀਕ ਹੈ ਕਿ ਕੋਚਿੰਗ ਸੈਂਟਰ ਵਿੱਚ 100 ਸੀਟਾਂ ਰਾਖਵੀਆਂ ਸਨ;

**ੲ)** ਜੇਕਰ ਉਪਰੋਕਤ ਭਾਗਾਂ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਡਾਈਟ ਮੋਗਾ ਵਿਖੇ ਈ.ਟੀ.ਟੀ. ਅਧਿਆਪਕਾਂ ਦੀਆਂ ਕੋਚਿੰਗ ਕਲਾਸਾਂ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਪਕੀਆਂ ਕਰਨਾ

***1025 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਕੱਚੀਆਂ ਹੋਣ ਕਾਰਨ ਬਾਰਿਸ਼ਾਂ ਵਿੱਚ ਟੁੱਟ ਜਾਂਦੀਆਂ ਹਨ ਜਿਸ ਕਾਰਣ ਸਥਾਨਕ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਬੰਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਮੁਖਤਿਆਰਨਾਮਾ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕਰਨਾ

***1058 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਨੇ ਵੱਖ-ਵੱਖ ਮਾਲੀਆ ਦਸਤਾਵੇਜਾਂ ਅਰਥਾਤ ਮੁਖਤਿਆਰਨਾਮਾ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕੀਤਾ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਹਨਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਤ ਆਮਦਨ ਹੋਣ ਵਾਲੀ ਹੈ;

ਅ) ਕੀ ਸਰਕਾਰ ਨੇ ਵੱਖ-ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ ਡਿਊਟੀ ਨੂੰ ਵਧਾਇਆ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਹਨਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਤ ਆਮਦਨ ਹੋਣ ਵਾਲੀ ਹੈ?

----

## ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣਾ

***1035 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

## ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿੱਚੋਂ ਜੱਚਾ ਬੱਚਾ ਕੇਂਦਰ ਨੂੰ ਸ਼ਿਫਟ ਕਰਨਾ

***1087 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿਖੇ ਜੱਚਾ ਬੱਚਾ ਕੇਂਦਰ ਨੂੰ ਨਾਲ ਲੱਗਦੇ ਬੀ.ਡੀ.ਪੀ.ਓ.ਦਫਤਰ ਵਿਖੇ ਸ਼ਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸ ਨੂੰ ਬੀ.ਡੀ.ਪੀ.ਓ. ਦਫਤਰ ਵਿਖੇ ਕਦੋਂ ਤੱਕ ਸਿਫਟ ਕਰ ਦਿੱਤਾ ਜਾਵੇਗਾ?

----

## ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਦੀਆਂ ਅਸਾਮੀਆਂ ਦੇ ਵੇਰਵੇ

***1038 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਲੋਕ ਨਿਰਮਾਣ, ਬਿਜਲੀ**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਨਾਲ ਸਬੰਧਤ ਵੱਖ-ਵੱਖ ਕਰਮਚਾਰੀਆਂ/ਅਧਿਕਾਰੀਆਂ ਦੀਆਂ ਕਿੰਨੀਆਂ ਆਸਾਮੀਆਂ ਭਰੀਆਂ ਹਨ, ਕਿੰਨੀਆਂ ਖਾਲੀ ਹਨ ਅਤੇ ਜੋ ਖਾਲੀ ਅਸਾਮੀਆਂ ਹਨ ਉਨਾਂ ਨੂੰ ਭਰਨ ਲਈ ਸਰਕਾਰ ਵੱਲੋ ਕੀ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣਾ

***1047 ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

----

**ਅਬੋਹਰ ਸਿਵਲ ਹਸਪਤਾਲ ਦੀਆਂ ਅਸਾਮੀਆਂ ਭਰਨਾ**

***1097 ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਅਬੋਹਰ ਸਿਵਲ ਹਸਪਤਾਲ ਵਿੱਚ ਗਾਇਨੀਕੋਲੋਜਿਸਟ ਅਤੇ ਅਨਸਥੀਸੀਆ ਦੀਆਂ ਅਸਾਮੀਆਂ ਨੂੰ ਪੱਕੇ ਤੌਰ ਤੇ ਕਦੋਂ ਤੱਕ ਨਿਯੁਕਤ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

**ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਵੈਟਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਗਿਣਤੀ**

***1073 ਸ. ਕਰਮਬੀਰ ਸਿੰਘ (ਦਸੂਹਾ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ**

ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਵਿੱਚ ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਕੁੱਲ ਕਿੰਨੇ ਵੈਟਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਕਿੰਨੀਆਂ ਦੀ ਹਾਲਾਤ ਖਰਾਬ ਹੈ ਅਤੇ ਕਿੰਨੀਆਂ ਦੀ ਠੀਕ ਹੈ; ਕੀ ਇਨ੍ਹਾਂ ਖਰਾਬ ਹਾਲਤ ਹਸਪਤਾਲਾਂ ਨੂੰ ਠੀਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

----

**ਹਲਕਾ ਸ਼ੁਤਰਾਣਾ ਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ-ਡਵੀਜਨ ਬਣਾਉਣਾ**

***1140 ਸ. ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ):**

**ਲੋਕ ਨਿਰਮਾਣ, ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਦੇ ਅਧੀਨ ਆਉਂਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ ਡਵੀਜਨ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

----

**ਨੰਬਰਦਾਰ ਦੀ ਚੋਣ ਕਰਨਾ।**

*1104 ਸ. ਲਖਬੀਰ ਸਿੰਘ ਰਾਏ ( ਫਤਿਹਗੜ੍ਹ ਸਾਹਿਬ ):

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੰਬਰਦਾਰ ਦੀ ਚੋਣ ਸਮੇਂ ਪਿੰਡ ਵਾਸੀਆਂ ਵਲੋਂ ਵੋਟਿੰਗ ਕਰਨ ਦੀ ਕੋਈ ਪ੍ਰੋਵੀਜ਼ਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਿੱਖਿਆ ਦੇ ਮਿਆਰ ਉੱਚਾ ਚੁੱਕਣ ਲਈ ਖਾਲੀ ਪਈਆਂ ਅਸਾਮੀਆਂ ਭਰਨਾ

*1044 ਸ਼੍ਰੀ. ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ:-

**ੳ**) ਸਿੱਖਿਆ ਦੇ ਮਿਆਰ ਉੱਚਾ ਚੁੱਕਣ ਲਈ ਖਾਲੀ ਪਈਆਂ ਅਸਾਮੀਆਂ ਵਿੱਚੋਂ ਕਿੰਨੀਆਂ ਹੁਣ ਤੱਕ ਭਰੀਆਂ ਗਈਆਂ ਹਨ;

**ਅ**) ਅਧਿਆਪਕਾਂ ਦੇ ਨਾਲ-ਨਾਲ ਜਿੱਥੇ-ਜਿੱਥੇ ਮਿਡ.ਡੇ.ਮੀਲ ਬਣਾਉਣ ਵਾਲੇ ਸਟਾਫ ਦੀ ਜਾਂ ਹੋਰ ਕਿਸੇ ਹੈਲਪਰ ਸਟਾਫ ਦੀ ਲੋੜ ਸੀ ਉਹਨਾਂ ਵਿੱਚ ਕਿੰਨੀ ਭਰਤੀ ਸਿੱਖਿਆ ਵਿਭਾਗ ਵੱਲੋਂ ਕੀਤੀ ਗਈ ਅਤੇ ਕਿੰਨੀ ਬਾਕੀ ਹੈ;

**ੲ**) ਸਰਕਾਰੀ ਸਕੂਲਾਂ ਵਿੱਚ ਨਰਸਰੀ ਕਲਾਸ ਤੋਂ ਪੜਾਈ ਸ਼ੁਰੂ ਕਰਨ ਦੀ ਕਾਰਵਾਈ ਦੀ ਤਾਜਾ ਸਥਿਤੀ ਕੀ ਹੈ ਅਤੇ ਇਸ ਨੂੰ ਸਿਰੇ ਚੜਾਉਣ ਲਈ ਹੁਣ ਤੱਕ ਕੀ-ਕੀ ਕਦਮ ਚੁੱਕੇ ਗਏ ਹਨ?

----

## ਲਾਲੜੂ ਵਿਖੇ ਸਟੇਡੀਅਮ ਬਣਾਉਣਾ

*1086 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):

**ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ**

ਕੀ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿਖੇ ਪੈਂਦੇ ਸ਼ਹਿਰ ਲਾਲੜੂ ਵਿਖੇ ਨੌਜਵਾਨਾਂ ਦੀ ਸਹੂਲਤ ਵਾਸਤੇ ਸਟੇਡੀਅਮ ਕਦੋਂ ਤੱਕ ਬਣਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

## ਸਰਕਾਰੀ ਕੋਠੀਆਂ ਵਿੱਚ ਰਹਿ ਰਹੇ ਨਜਾਇਜ਼ ਵਿਅਕਤੀਆਂ ਖਿਲਾਫ ਕਾਰਵਾਈ ਕਰਨਾ

*1068 ਸ. ਅਜੀਤਪਾਲ ਸਿੰਘ ਕੋਹਲੀ (ਪਟਿਆਲਾ):

**ਲੋਕ ਨਿਰਮਾਣ, ਬਿਜਲੀ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪਟਿਆਲਾ ਸ਼ਹਿਰ ਵਿੱਚ ਸਰਕਾਰੀ ਕੋਠੀਆਂ ਵਿੱਚ ਅਲਾਟਿਡ ਵਿਅਕਤੀਆਂ ਦੀ ਜਗ੍ਹਾ ਨਜਾਇਜ਼ ਵਿਅਕਤੀ ਰਹਿ ਰਹੇ ਹਨ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉਤੱਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਨੇ ਇਸ ਬਾਰੇ ਕੋਈ ਇਨਕੁਆਰੀ ਕਰਕੇ ਇਹ ਕੋਠੀਆਂ ਨਜਾਇਜ਼ ਵਿਅਕਤੀਆਂ ਤੋਂ ਖਾਲੀ ਕਰਵਾਈਆਂ ਹਨ ਅਤੇ ਕੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕੀਤੀ ਹੈ;

**ੲ)** ਕੀ ਸਰਕਾਰ ਇਸ ਤਰ੍ਹਾਂ ਦਾ ਮਕੈਨੇਜ਼ਿਮ ਬਣਾਏਗੀ ਕਿ ਇਨ੍ਹਾਂ ਕੋਠੀਆਂ ਦੀ ਕੁਝ ਸਮੇਂ ਦੇ ਅੰਤਰਾਲ ਉਪਰੰਤ ਚੈਕਿੰਗ ਕਰਕੇ ਇਨ੍ਹਾਂ ਤੇ ਪਰਾਪਰ ਨਜ਼ਰ ਰੱਖੀ ਜਾਵੇ; ਵੇਰਵੇ ਸਹਿਤ ਦੱਸਿਆ ਜਾਵੇ?

----

## ਪਿੰਡ ਅਜੈਬਵਾਲੀ ਵਿਖੇ ਡ੍ਰੇਨ ਤੇ ਉਸਾਰੇ ਜਾ ਰਹੇ ਪੁੱਲ ਦੀ ਉਸਾਰੀ ਦਾ ਕੰਮ ਮੁਕੰਮਲ ਕਰਨਾ

***1142 ਸ਼੍ਰੀਮਤੀ ਗਨੀਵ ਕੌਰ ਮਜੀਠੀਆ ( ਮਜੀਠਾ):**

**ਲੋਕ ਨਿਰਮਾਣ, ਬਿਜਲੀ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਰਾਜ ਸਰਕਾਰ ਵੱਲੋਂ ਮਜੀਠਾ ਤੋਂ ਪਿੰਡ ਬੋਪਾਰਾਏ ਰੋਡ ਤੇ ਪੈਂਦੇ ਪਿੰਡ ਅਜੈਬਵਾਲੀ ਵਿਖੇ ਡ੍ਰੇਨ ਤੇ ਉਸਾਰੇ ਜਾ ਰਹੇ ਪੁੱਲ ਦੀ ਚੌੜਾਈ ਤੇ ਲੰਬਾਈ ਕਿੰਨੀ ਹੈ ਅਤੇ ਇਸ ਦੀ ਉਸਾਰੀ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ;

ਅ) ਇਸ ਪੁੱਲ ਦੀ ਉਸਾਰੀ ਦਾ ਮੌਜੂਦਾ ਸਟੇਟਸ ਕੀ ਹੈ ਅਤੇ ਇਸ ਤੇ ਅੰਦਾਜ਼ਨ ਕਿੰਨਾਂ ਖਰਚਾ ਆਉਣਾ ਹੈ;

ੲ) ਇਸ ਪੁੱਲ ਦੀ ਉਸਾਰੀ ਦਾ ਕੰਮ ਕਦੋਂ ਤੱਕ ਮੁਕੰਮਲ ਕਰਕੇ ਇੱਥੋਂ ਦੀ ਆਵਾਜਾਈ ਸ਼ੁਰੂ ਕਰ ਦਿੱਤੀ ਜਾਵੇਗੀ?

----

## ਪਿੰਡ ਗਿੱਦੜਪਿੰਡੀ ਤੋਂ ਪਿੰਡ ਚੰਨਣਵਿੰਡੀ ਅਤੇ ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ ਸੜਕ ਦੀ ਮੁਰੰਮਤ ਕਰਨਾ

***1165 ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਨਿਮਨਲਿਖਤ ਲਿੰਕ ਸੜਕਾਂ ਖਰਾਬ ਹੋ ਗਈਆਂ ਹਨ ਅਤੇ ਵਾਹਨਾਂ ਦੀ ਆਵਾਜਾਈ ਦੇ ਯੋਗ ਨਹੀਂ ਰਹੀਆਂ ਹਨ-

1) ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਗਿੱਦੜਪਿੰਡੀ ਤੋਂ ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦੇ ਪਿੰਡ ਚੰਨਣਵਿੰਡੀ ਤੱਕ;

2) ਜ਼ਿਲ੍ਹਾ ਕਪੂਰਥਲਾ ਵਿੱਚ ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ;

ਅ) ਓਪਰੋਕਤ ਭਾਗ (ਓ) ਵਿੱਚ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਕਰਨ ਲਈ ਚੁੱਕੇ ਜਾ ਰਹੇ ਕਦਮ ਕੀ ਹਨ ਅਤੇ ਇਸਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

----

## ਡਿਗਰੀ ਕਾਲਜ ਸਿੱਧੂਪੁਰ ਵਿਖੇ ਪ੍ਰੋਫੈਸਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***965 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ**

ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਿਗਰੀ ਕਾਲਜ ਸਿੱਧੂਪੁਰ (ਦੀਨਾਨਗਰ) ਵਿੱਚ ਪ੍ਰੋਫੈਸਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਅਤੇ ਮੌਜੂਦਾ ਸਮੇਂ ਵਿੱਚ ਉੱਥੇ ਕੰਮ ਕਰ ਰਹੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਕਿੰਨੀ ਹੈ; ਵੇਰਵੇ ਸਹਿਤ ਜਾਵੇ?

----

## ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਤੇ ਓਵਰ ਬਰਿਜ ਬਣਾਉਣਾ

***1051 ਸ. ਜਗਸੀਰ ਸਿੰਘ (ਭੁਚੋ ਮੰਡੀ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਹੈ, ਇਹ ਇੱਕ ਡਬਲ ਲਾਈਨ ਫਾਟਕ ਹੈ ਅਤੇ ਇਸ ਫਾਟਕ ਦੇ ਬੰਦ ਹੋਣ ਕਾਰਨ ਇੱਥੇ ਕਈ ਘੰਟੇ ਜਾਮ ਲੱਗਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਰੋਜਾਨਾ ਹੀ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਬਾਲਿਆਂਵਾਲੀ ਰੋਡ ਤੇ ਓਵਰ ਬਰਿਜ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਪਿੰਡ ਵਣੀਏਕੇ ਤੋਂ ਅਜਨਾਲਾ ਤੱਕ ਸੜਕ ਦੀ ਰਿਪੇਅਰ ਕਰਵਾਉਣਾ

***948 ਸ. ਸੁਖਬਿੰਦਰ ਸਿੰਘ ਸਰਕਾਰੀਆ (ਰਾਜਾ ਸਾਂਸੀ ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਬਲਾਕ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ ਅਧੀਨ ਵਣੀਕੇ-ਅਜਨਾਲਾ (ਵਾਇਆ ਚੋਗਾਵਾਂ) ਲਿੰਕ ਰੋਡ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਦੀ ਮੁਰੰਮਤ ਦਾ ਕੰਮ ਕਦੋਂ ਸ਼ੁਰੂ ਹੋਵੇਗਾ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**ਵੀਰਵਾਰ 07 ਮਾਰਚ 2024.** **ਸਕੱਤਰ**